# ਕੈਨੇਡਾ ਸਰਕਾਰ 'ਚ ਦੋ ਪੰਜਾਬਣਾਂ ਬਣੀਆਂ ਪਾਰਲੀਮਾਨੀ ਸਕੱਤਰ

## ਕਦੇ ਪਿਤਾ ਭਾਰਤ 'ਚ ਕਰਦੇ ਸੀ ਖੇਤੀ, ਹੁਣ ਧੀ ਨੇ ਕੈਨੇਡਾ 'ਚ ਲਹਿਰਾਇਆ ਝੰਡਾ




**ਵੈਨਕੂਵਰ / ਧੰਨਵਾਦ ਸਹਿਤ: ਪੰਜਾਬ ਗਾਰਡੀਅਨ**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਸਰਕਾਰ ਵਿਚ ਇਕ ਪ੍ਰਵਾਸੀ ਭਾਰਤੀ ਅਤੇ ਦੋ ਹੋਰ ਪੰਜਾਬੀ ਸੰਸਦ ਮੈਂਬਰਾਂ ਨੂੰ ਅਹੁਦੇ ਦੇ ਕੇ ਨਿਵਾਜ਼ਿਆ ਹੈ। ਇਨ੍ਹਾਂ ਤਿੰਨਾਂ ਨੂੰ ਪਾਰਲੀਮਾਨੀ ਸਕੱਤਰ ਬਣਾਇਆ ਗਿਆ ਹੈ। ਇਸ ਤਰ੍ਹਾਂ ਕੈਨੇਡਾ ਦੀ ਵਜ਼ਾਰਤ 'ਚ ਇਕ ਪੰਜਾਬੀ ਕੈਬਨਿਟ ਮੰਤਰੀ, ਇਕ ਰਾਜ ਮੰਤਰੀ ਅਤੇ ਤਿੰਨ ਸੰਸਦੀ ਸਕੱਤਰ ਹੋ ਗਏ ਹਨ। ਰਾਜਧਾਨੀ ਓਟਾਵਾ ਵਿਖੇ ਮਾਂਟਰੀਅਲ ਦੇ ਲਾਸਾਲ ਹਲਕੇ ਤੋਂ ਚੁਣਕੇ ਆਈ 35 ਸਾਲਾ ਅੰਜੂ ਢਿੱਲੋਂ ਨੂੰ ਵੂਮੈਨ ਸਟੇਟਸ ਵਿਭਾਗ ਦੀ ਪਾਰਲੀਮਾਨੀ ਸਕੱਤਰ ਵਜੋਂ ਸਹੁੰ ਚੁਕਾਈ ਗਈ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਦਾਰਾਪੁਰ ਦੀ ਅੰਜੂ ਢਿੱਲੋਂ ਫਰਾਂਸੀਸੀ ਮੂਲ ਦੇ ਕਿਊਬਿਕ ਸੂਬੇ 'ਚ ਸੰਸਦ ਮੈਂਬਰ ਬਣਨ ਵਾਲੀ ਪਹਿਲੀ ਪੰਜਾਬਣ ਹੈ। ਉਹ ਮਾਂਟਰੀਅਲ ਯੂਨੀਵਰਸਿਟੀ ਤੋਂ ਵਕਾਲਤ ਪਾਸ ਹੈ। ਉਹ ਫਰੈਂਚ, ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾਵਾਂ ਜਾਣਦੀ ਹੈ।

ਦਿੱਲੀ ਦੀ ਜੰਮਪਲ ਕਮਲ ਕੌਰ ਖਹਿਰਾ ਨੂੰ ਸਿਹਤ ਵਿਭਾਗ ਦੀ ਪਾਰਲੀਮਾਨੀ ਸਕੱਤਰ ਬਣਾਇਆ ਗਿਆ ਹੈ। ਉਂਟਾਰੀਓ ਦੇ ਬਰੈਂਪਟਨ ਹਲਕੇ ਤੋਂ ਪਹਿਲੀ ਵਾਰ ਸੰਸਦ ਮੈਂਬਰ ਬਣੀ 27 ਸਾਲਾ ਕਮਲ ਮਹਿਰਾ ਯੌਤਕ ਯੂਨੀਵਰਸਿਟੀ ਤੋਂ ਸਾਇੰਸ ਦੀ ਡਿਗਰੀ ਪਾਸ ਹੈ ਅਤੇ ਪੇਸ਼ੇ ਵਜੋਂ ਨਰਸ ਹੈ। ਯੁਗਾਂਡਾ ਦੇ ਜੰਮਪਲ 44 ਸਾਲਾ ਪ੍ਰਵਾਸੀ ਭਾਰਤੀ ਆਰਿਫ ਵਿਰਾਨੀ ਨੂੰ ਇਮੀਗਰੇਸ਼ਨ ਵਿਭਾਗ ਦੇ ਪਾਰਲੀਮਾਨੀ ਸਕੱਤਰ ਵਜੋਂ ਸਹੁੰ ਚੁਕਾਈ ਗਈ ਹੈ। ਆਰਿਫ ਵਿਰਾਨੀ ਮਾਂਟਰੀਅਲ ਦੀ ਮੈਕਗਿਲ ਯੂਨੀਵਰਸਿਟੀ ਤੋਂ ਵਕਾਲਤ ਪਾਸ ਹਨ। ਉਹ ਜਿੱਥੇ ਮਨੁੱਖੀ ਹੱਕਾਂ ਦੇ ਝੰਡਾਬਰਦਾਰ ਹਨ ਉਥੇ ਸੰਯੁਕਤ ਰਾਸ਼ਟਰ ਦੇ ਇੰਟਰਨੈਸ਼ਨਲਾਂ ਯਮੀਨਲ ਟਿਪਬਿਊਨਲ ਦੇ ਵਕੀਲ ਰਹੇ ਹਨ। ਉਹ ਹਿੰਦੀ ਅੰਗ੍ਰੇਜ਼ੀ ਅਤੇ ਫਰੈਂਚ ਭਾਸ਼ਾਵਾਂ ਜਾਣਦੇ ਹਨ। ਜ਼ਿਕਰਯੋਗ ਹੈ ਕਿ ਬੀਤੇ ਅਕਤੂਬਰ ਮਹੀਨੇ ਹੋਈਆਂ ਸੰਸਦੀ ਚੋਣਾਂ ਵਿਚ ਭਾਰਤੀ ਮੂਲ ਦੇ 20 ਸੰਸਦ ਮੈਂਬਰ ਚੁਣੇ ਗਏ ਸਨ ਜਿਨ੍ਹਾਂ ਵਿਚੋਂ 18 ਪੰਜਾਬੀ ਹਨ ਜਦੋਂ ਕਿ 3 ਲਹਿੰਦੇ ਪੰਜਾਬ ਦੇ ਜੰਮਪਲ ਵੀ ਸੰਸਦ 'ਚ ਪੁੱਜੇ ਹਨ। ਇਸ ਤੋਂ ਪਹਿਲਾਂ ਜਸਟਿਨ ਟਰੂਡੋ ਦੀ ਵਜ਼ਾਰਤ 'ਚ ਹਰਜੀਤ ਸਿੰਘ ਸੱਜਣ, ਨਵਦੀਪ ਸਿੰਘ ਬੈਂਸ ਅਤੇ ਅਮਰਜੀਤ ਸਿੰਘ ਸੋਹੀ ਨੂੰ ਕੈਬਨਿਟ ਮੰਤਰੀ ਵਜੋਂ ਅਤੇ ਬਰਦੀਸ਼ ਕੌਰ ਚੱਗਰ ਨੂੰ ਰਾਜ ਮੰਤਰੀ ਵਜੋਂ ਸ਼ਾਮਲ ਕੀਤਾ ਜਾ ਚੁੱਕਾ ਹੈ।

ਕੈਨੇਡਾ 'ਚ ਪਹਿਲਾਂ ਸੰਸਦ ਮੈਂਬਰ ਅਤੇ ਹੁਣ ਸੰਸਦੀ ਸਕੱਤਰ ਬਣੀ ਅੰਜੂ ਢਿੱਲੋਂ ਦੇ ਪਿਤਾ ਹਰਦੀਪ ਸਿੰਘ ਢਿੱਲੋਂ ਅੱਜ ਤੋਂ 40 ਸਾਲ ਪਹਿਲਾਂ ਹੁਸ਼ਿਆਰਪੁਰ (ਪੰਜਾਬ) 'ਚ ਖੇਤੀ ਕਰਦੇ ਸਨ। ਪਰ ਇੱਥੋਂ ਰੋਜ਼ੀ-ਰੋਟੀ ਠੀਕ ਨਹੀਂ ਚੱਲ ਰਹੀ ਸੀ, ਜਿਸ ਤੋਂ ਬਾਅਦ ਅੰਜੂ ਢਿੱਲੋਂ ਦੇ ਪਿਤਾ ਕੈਨੇਡਾ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਨੇ ਅਜਿਹਾ ਸਿੱਕਾ ਜਮਾਇਆ ਕਿ ਪੰਜਾਬ ਦੀ ਸ਼ਾਨ 'ਚ ਚਾਰ ਚੰਨ ਲਗਾ ਦਿੱਤੇ। ਪਹਿਲਾਂ ਹਰਦੀਪ ਸਿੰਘ ਨੇ ਉੱਥੇ ਰੈਸਟੋਰੈਂਟ ਖੋਲ੍ਹਿਆ ਅਤੇ ਫਿਰ ਹੋਟਲ ਅੱਜ-ਕੱਲ੍ਹ ਉਹ ਟੈਕਸੀ ਦੇ ਵਪਾਰ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਦੀ ਧੀ ਅੰਜੂ ਢਿੱਲੋਂ ਸੰਸਦੀ ਸਕੱਤਰ ਬਣ ਗਈ ਹੈ। ਇਸ ਵਾਰ ਕੈਨੇਡਾ ਚੋਣਾਂ 'ਚ ਪੰਜਾਬੀਆਂ ਨੇ ਆਪਣਾ ਝੰਡਾ ਲਹਿਰਾਇਆ ਹੈ, ਜਿਸ 'ਚ 34 ਸਾਲ ਦੀ ਅੰਜੂ ਢਿੱਲੋਂ ਸਭ ਤੋਂ ਘੱਟ ਉਮਰ ਦੀ ਸੰਸਦ ਮੈਂਬਰ ਹੈ, ਜਿਸ ਨੇ ਵਕਾਲਤ ਕੀਤੀ ਹੈ। ਅੰਜੂ ਢਿੱਲੋਂ ਦੀ ਸਮਾਜ ਸੇਵਾ 'ਚ ਖਾਸੀ ਰੁਚੀ ਰਹੀ ਹੈ। ਇਸ ਵਾਰ ਸਿਆਸਤ 'ਚ ਭਵਿੱਖ ਅਜ਼ਮਾਇਆ ਅਤੇ ਚੋਣਾਂ 'ਚ ਜਿੱਤ ਵੀ ਹਾਸਲ ਕਰ ਲਈ। ਅੰਜੂ ਢਿੱਲੋਂ ਦੀ ਉਪਲੱਬਧੀ ਪੰਜਾਬ ਲਈ ਕਾਫ਼ੀ ਮਾਣ ਵਾਲੀ ਗੱਲ ਹੈ। ਅੰਜੂ ਦੇ ਪਿਤਾ ਹਰਦੀਪ ਸਿੰਘ ਮੋਂਟੀਰੀਆਲ ਗੁਰਦੁਆਰੇ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ।

# ਆਸਟਰੇਲੀਆ 'ਚ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ ਪਿਜ਼ਾ ਸਪਲਾਈ ਕਰਨ ਵਾਲੇ




**ਸਿਡਨੀ/ ਧੰਨਵਾਦ ਸਹਿਤ: ਪੰਜਾਬ ਗਾਰਡੀਅਨ**

ਲੋਕਾਂ ਨੂੰ ਪਿਜ਼ਾ ਖਵਾਉਣ ਵਾਲੇ ਖ਼ੁਦ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਹੇ ਹਨ। ਇਸ ਕਾਰੋਬਾਰ ਨਾਲ ਜੁੜੇ ਖਾਸਕਰ ਪਿਜ਼ੇ ਦੀ ਸਪਲਾਈ ਕਰਨ ਵਾਲੇ ਵੱਡੇ ਪੱਧਰ 'ਤੇ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। ਇਹ ਨਿਰਧਾਰਤ ਘੱਟੋ ਘੱਟ ਉਜ਼ਰਤ ਤੋਂ ਵੀ ਅੱਧੇ ਮਿਹਨਤਾਨੇ 'ਤੇ ਦਿਨ ਕਟੀ ਕਰ ਰਹੇ ਹਨ। ਇਨ੍ਹਾਂ ਵਿੱਚ ਪਰਵਾਸੀ ਭਾਰਤੀ ਪੰਜਾਬੀਆਂ ਦਾ ਵੱਡਾ ਸਮੂਹ ਸ਼ਾਮਲ ਹੈ। ਇਨ੍ਹਾਂ ਦਾ ਸ਼ੋਸ਼ਣ ਵੀ ਭਾਈਚਾਰੇ ਦਾ ਹੀ ਇੱਕ ਹਿੱਸਾ ਕਰ ਰਿਹਾ ਹੈ।

ਜਾਣਕਾਰੀ ਅਨੁਸਾਰ ਆਸਟਰੇਲੀਆ ਦੇ ਸੂਬਾ ਨਿਊ ਸਾਊਥ ਵੇਲਜ਼ ਵਿੱਚ ਸਿਡਨੀ ਤੋਂ ਇਲਾਵਾ ਹੋਰ ਸ਼ਹਿਰਾਂ ਵਿੱਚ ਪਿਜ਼ੇ ਬਣਾਉਣ ਤੇ ਇਸ ਦੀ ਹੋਮ ਡਲਿਵਰੀ ਕਰਨ ਵਾਲੇ ਵਧੇਰੇ ਅੰਤਰਰਾਸ਼ਟਰੀ ਵਿਦਿਆਰਥੀ ਤੇ ਵੀਜ਼ਾ ਪ੍ਰਣਾਲੀ 457 'ਤੇ ਆਸਟਰੇਲੀਆ ਆਏ ਹਨ। ਕਿਰਤ ਕਾਨੂੰਨਾਂ ਦੀ ਜਾਣਕਾਰੀ ਨਾ ਹੋਣੀ ਤੇ ਪੜ੍ਹਾਈ ਲਈ ਫੀਸਾਂ ਦਾ ਪ੍ਰਬੰਧ ਕਰਨ ਲਈ ਇਨ੍ਹਾਂ ਵੱਲੋਂ ਸ਼ੋਸ਼ਣ ਕਰਾਇਆ ਜਾ ਰਿਹਾ ਹੈ। ਅਰਧ ਸ਼ਹਿਰੀ ਖੇਤਰ ਲਾਈਕਾਰਡ ਵਿਖੇ ਪਿਜ਼ਾ ਦੀ ਦੁਕਾਨ ਉੱਤੇ ਕੰਮ ਕਰਦੇ ਇਕ ਪਰਵਾਸੀ ਨੇ ਦੱਸਿਆ ਕਿ ਉਸ ਨੂੰ ਪਿਜ਼ਾ ਸਪਲਾਈ ਕਰਨ ਲਈ ਪੰਜ ਡਾਲਰ ਦਿੱਤੇ ਜਾਂਦੇ ਹਨ। ਔਸਤਨ ਘੰਟੇ 'ਚ ਦੋ ਵਾਰ ਪਿਜ਼ਾ ਦੇਣ ਜਾਂਦਾ ਹਾਂ। ਉਸ ਨੂੰ ਆਪਣੇ ਵਾਹਨ ਦਾ ਪੈਟਰੋਲ ਤੇ ਹੋਰ ਖਰਚਾ ਪੱਲਿਓਂ ਕਰਨਾ ਪੈਂਦਾ ਹੈ। ਉਸ ਦਾ ਸੁਪਰ ਫੰਡ, ਜੋ ਪ੍ਰੋਵੀਡੈਂਟ ਫੰਡ ਵਾਂਗ ਹੀ ਹੈ, ਕੱਟਣਾ ਤਾਂ ਸੁਪਨਾ ਹੈ।

ਡਿਸਟਰੀਬਿਊਟਵ ਐਂਡ ਐਲਾਇਡ ਐਂਪਲਾਈਜ਼ ਐਸੋਸੀਏਸ਼ਨ ਦੇ ਜਨਰਲ ਸਕੱਤਰ ਡਵਾਇਰ ਨੇ ਕਿਹਾ ਕਿ ਨਿਯਮਾਂ ਅਨੁਸਾਰ ਪਿਜ਼ੇ ਦੀ ਸਪਲਾਈ ਕਰਦੇ ਡਰਾਈਵਰ ਨੂੰ 25.44 ਡਾਲਰ ਅਤੇ ਪੱਕੇ ਤੌਰ 'ਤੇ ਕੰਮ ਕਰਦੇ ਨੂੰ ਪ੍ਰਤੀ ਘੰਟਾ 20.35 ਡਾਲਰ ਦੇਣੇ ਬਣਦੇ ਹਨ। ਇਸ ਤੋਂ ਇਲਾਵਾ 2.13 ਡਾਲਰ ਹੋਰ ਉਸ ਨੂੰ ਪ੍ਰਤੀ ਡਲਿਵਰੀ ਉਸ ਦੇ ਵਾਹਨ ਦੇ ਖਰਚੇ ਦੀ ਪੂਰਤੀ ਲਈ ਦੇਣੇ ਤੈਅ ਹਨ। ਉਨ੍ਹਾਂ ਕਿਹਾ ਕਿ ਬਿਨਾਂ ਝਿਜਕ ਦੇ ਪੀੜਤ ਆਸਟਰੇਲਿਆਈ ਨਿਯਮਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਪਹੁੰਚ ਕਰ ਸਕਦੇ ਹਨ। ਉਧਰ ਆਸਟਰੇਲੀਆ ਦੇ ਫੇਅਰ ਵਰਕ ਵਿਭਾਗ, ਜੋ ਕੰਮਕਾਜੀ ਥਾਵਾਂ ਉੱਤੇ ਕਾਮਿਆਂ ਦੇ ਹਿੱਤਾਂ ਤੇ ਸਰਕਾਰੀ ਨਿਯਮਾਂ ਦੇ ਮਾਪਦੰਡਾਂ ਦੀ ਦੇਖ ਰੇਖ ਕਰਦਾ ਹੈ, ਦੀ ਮੁੱਖ ਅਧਿਕਾਰੀ ਨੈਟਲੀ ਜੇਮਜ਼ ਨੇ ਦੱਸਿਆ ਕਿ ਸਿਡਨੀ 'ਚ ਪਿਜ਼ਾ ਮਾਲਕ ਵੱਲੋਂ ਅੱਠ ਨੌਜਵਾਨ ਪਿਜ਼ਾ ਡਰਾਈਵਰ ਨੂੰ ਘੱਟ ਤਨਖਾਹ ਦੇਣ ਬਦਲੇ 26 ਹਜ਼ਾਰ ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ। ਭਵਿੱਖ 'ਚ ਵੀ ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਵੇਗੀ।




# ਦਿੱਲੀ ਤੋਂ ਲੰਡਨ ਕਾਰ ਰਾਹੀਂ ਪਹੁੰਚੀਆਂ 3 ਭਾਰਤੀ ਔਰਤਾਂ


**ਲੰਡਨ/ ਧੰਨਵਾਦ ਸਹਿਤ: ਪੰਜਾਬ ਗਾਰਡੀਅਨ**



ਭਾਰਤ ਦੀਆਂ ਤਿੰਨ ਮਹਿਲਾਵਾ ਨੇ ਦਿੱਲੀ ਤੋਂ ਲੰਡਨ ਤੱਕ ਦਾ ਸਫ਼ਰ ਕਾਰ ਰਾਹੀਂ ਪੂਰਾ ਕੀਤਾ ਹੈ। ਤਿੰਨ ਮੈਂਬਰੀ ਟੀਮ ਵਿੱਚ ਰਸ਼ਮੀ ਕਪੂਰ, ਡਾ. ਐੱਸ ਗੋਇਲ ਅਤੇ ਨਿਧੀ ਤਿਵਾੜੀ ਸ਼ਾਮਲ ਸਨ। ਤਿੰਨਾਂ ਨੇ ਦਫ਼ਤਰ ਤੋਂ ਛੁੱਟੀ ਲਈ ਅਤੇ ਲੰਡਨ ਜਾਣ ਦੀ ਯੋਜਨਾ ਤਿਆਰ ਕੀਤੀ, ਪਰ ਇਸ ਵਿੱਚ ਸਭ ਤੋਂ ਵੱਡੀ ਚੁਨੌਤੀ ਗੱਡੀ ਦੀ ਸੀ, ਜੋ ਕਿ ਇਹਨਾਂ ਨੂੰ ਇੱਕ ਕਾਰ ਕੰਪਨੀ ਨੇ ਸਪਾਂਸਰ ਕਰ ਦਿੱਤੀ। ਖ਼ਾਸ ਗੱਲ ਇਹ ਹੈ ਕਿ ਤਿੰਨ ਮੈਂਬਰੀ ਟੀਮ ਵਿੱਚ ਸਿਰਫ਼ ਨਿਧੀ ਹੀ ਪੂਰੀ ਤਰ੍ਹਾ ਟਰੇਂਡ ਡਰਾਈਵਰ ਸੀ ਜੋ ਕਿ ਇਹਨਾਂ ਸਾਹਮਣੇ ਦੂਜੀ ਵੱਡੀ ਚੁਨੌਤੀ ਸੀ, ਪਰ ਇਸ ਦੀ ਪ੍ਰਵਾਹ ਕੀਤੇ ਬਿਨਾਂ ਤਿੰਨੇ ਸਹੇਲੀਆਂ ਇਸ ਸਾਲ ਜੂਨ ਮਹੀਨੇ ਵਿੱਚ ਆਪਣੇ ਸਫ਼ਰ ਉੱਤੇ ਤੁਰ ਪਈਆਂ। ਮਿਆਂਮਾਰ, ਚੀਨ, ਕਿਰਗਿਸਤਾਨ, ਉਜ਼ਬੇਕਿਸਤਾਨ, ਕਜ਼ਾਕਿਸਤਾਨ, ਰੂਸ, ਯੂਕਰੇਨ, ਪੋਲੈਂਡ, ਚੈੱਕ ਰਿਪਬਲਿਕ, ਜਰਮਨੀ, ਬੈਲਜੀਅਮ ਅਤੇ ਫਰਾਂਸ ਹੁੰਦੇ ਹੋਏ 54 ਦਿਨਾਂ ਬਾਅਦ ਲੰਡਨ ਪਹੁੰਚੀਆਂ। 600 ਕਿੱਲੋਮੀਟਰ ਪ੍ਰਤੀ ਦਿਨ ਗੱਡੀ ਚਲਾ ਕੇ ਇਹਨਾਂ ਨੇ 13 ਦੇਸ਼ਾਂ ਦੀ ਸਰਹੱਦ ਪਾਰ ਕੀਤੀ। ਸਫ਼ਰ ਦੌਰਾਨ ਇਹਨਾਂ ਨੂੰ ਕਈ ਤਜਰਬੇ ਵੀ ਹੋਏ¢ ਰਸ਼ਮੀ ਅਨੁਸਾਰ ਸੁਰੱਖਿਆ ਨੂੰ ਦੇਖਦੇ ਹੋਏ ਉਹ ਰਾਤ ਨੂੰ ਸਫ਼ਰ ਨਹੀਂ ਸਨ ਕਰਦੀਆਂ। ਦਿਨ ਵਿੱਚ ਪੂਰਾ ਸਫ਼ਰ ਕਰਨ ਤੋਂ ਬਾਅਦ ਉਹ ਹੋਟਲ ਵਿੱਚ ਆਰਾਮ ਕਰਦੀਆਂ ਅਤੇ ਅਗਲੇ ਦਿਨ ਨਵੇਂ ਸਫ਼ਰ ਦੀ ਸ਼ੁਰੂਆਤ ਕਰਦੀਆਂ। ਰਸ਼ਮੀ ਅਨੁਸਾਰ ਸਫ਼ਰ ਦੌਰਾਨ ਸਭ ਤੋਂ ਮਦਦ ਉਨ੍ਹਾ ਦੀ ਗੂਗਲ ਟਰਾਸਲੇਟਰ ਨੇ ਕੀਤੀ ਜਿਸ ਕਾਰਨ ਉਹ ਆਪਣੇ ਮੰਜ਼ਿਲ ਉੱਤੇ ਆਸਾਨੀ ਨਾਲ ਪਹੁੰਚ ਗਈਆ।

# ਕੈਨੇਡਾ ਦੇ ਸਮੁੱਚੇ ਮੀਡੀਏ ਵੱਲੋਂ ਅਤੇ ਨਿਊਜ਼ੀਲੈਂਡ ਦੇ ਪੰਜਾਬੀ ਮੀਡੀਆ ਵਲੋਂ ਬਲਤੇਜ ਪੰਨੂ ਦੀ ਗ੍ਰਿਫਤਾਰੀ ਦਾ ਵਿਰੋਧ

## ਬਲਤੇਜ ਪੰਨੂ ਦੇ ਹੱਕ 'ਚ ਹਾਅ ਦਾ ਨਾਅਰਾ



**ਟੋਰਾਂਟੋ/ ਧੰਨਵਾਦ ਸਹਿਤ: ਪੰਜਾਬ ਗਾਰਡੀਅਨ**

ਬੀਤੇ ਰੋਜ਼ ਪਟਿਆਲਾ ਤੋਂ ਵੱਖ ਵੱਖ ਦੇਸ਼ਾਂ ਦੇ ਰੇਡੀਓਜਲ ਅਤੇ ਅਖ਼ਬਾਰਾ ਲਈ ਕੰਮ ਕਰਦੇ ਕੈਨੇਡੀਅਨ ਪੰਜਾਬੀ ਪੱਤਰਕਾਰ ਬਲਤੇਜ ਪੰਨੂੰ ਨੂੰ ਪੰਜਾਬ ਪੁਲੀਸ ਵੱਲੋਂ ਝੂਠੇ ਕੇਸ ਪਾ ਕੇ ਗ੍ਰਿਫ਼ਤਾਰ ਗ੍ਰਿਫਤਾਰ ਕਰ ਲਿਆ ਗਿਆ। ਇਸ ਸੰਬੰਧੀ ਕੈਨੇਡਾ ਦੇ ਸਮੁੱਚੇ ਸਾਊਥ ਏਸ਼ੀਅਨ ਲੋਕਾਂ ਨਾਲ ਸੰਬੰਧਿਤ ਐਥਿਨਿਕ ਮੀਡੀਆ ਵੱਲੋਂ ਬਲਤੇਜ ਪੰਨੂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਗਿਆ ਹੈ। ਇਸ ਸੰਬੰਧ ਵਿੱਚ ਸਮੁੱਚੇ ਮੀਡੀਆ ਕਰਮੀਆਂ ਵੱਲੋਂ ਰੋਸ ਇਕੱਤਰਤਾਵਾਂ ਕਰਨ ਦੀਆਂ ਖ਼ਬਰਾਂ ਮਿਲੀਆਂ ਹਨ। ਇਸੇ ਕੜੀ ਵਿੱਚ ਬਰੈਂਪਟਨ ਸ਼ਹਿਰ ਦੇ ਕੈਨੇਡੀਅਨ ਕਨਵੈਨਸ਼ਨ ਸੈਂਟਰ ਵਿੱਚ ਮਹਾਂਨਗਰ ਟੋਰਾਂਟੋ ਵਿੱਚ ਕੰਮ ਕਰਦੇ ਰੇਡੀਓ, ਅਖ਼ਬਾਰਾਂ ਨਾਲ ਜੁੜੇ ਹਜ਼ਾਰਾਂ ਮੀਡੀਆਕਾਰਾਂ ਦੇ ਨਾਲ-ਨਾਲ ਆਮ ਲੋਕਾਂ ਦਾ ਭਾਰੀ ਇਕੱਠ ਹੋਇਆ, ਜਿਸ ਵਿੱਚ ਪੰਜਾਬ ਪੁਲਸ ਵੱਲੋਂ ਰਾਜਨੀਤਕਾਂ ਦੀ ਸ਼ਹਿ 'ਤੇ ਬਲਤੇਜ ਪੰਨੂੰ ਦੀ ਗ੍ਰਿਫ਼ਤਾਰੀ ਦੀ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਸ ਨੂੰ ਬਿਨਾਂ ਸ਼ਰਤ ਤੁਰੰਤ ਰਿਹਾ ਕੀਤਾ ਜਾਵੇ। ਵੱਖ-ਵੱਖ ਬੁਲਾਰਿਆਂ ਦਾ ਕਹਿਣਾ ਸੀ ਕਿ ਭਾਰਤ ਵਿੱਚ ਬੋਲਣ ਤੇ ਆਪਣੇ ਵੀਚਾਰ ਆਜ਼ਾਦਾਨਾਂ ਢੰਗ ਨਾਲ ਰੱਖਣ ਤੇ ਲਗਾਈ ਅਣ-ਐਲਾਨੀ ਮੰਦਭਾਗੀ ਹੈ ਜਿਸ ਰਾਹੀਂ ਪੱਤਰਕਾਰਾਂ, ਲੇਖਕਾਂ, ਬੁੱਧੀਜੀਵੀਆਂ 'ਤੇ ਹੋ ਰਹੇ ਹਮਲੇ ਸਰਕਾਰਾਂ 'ਤੇ ਬੱਦਨੁਮਾ ਧੱਬਾ ਹੈ। ਪੰਜਾਬ ਸਰਕਾਰ ਨੇ ਵੀ ਬੁਖ਼ਲਾਹਟ 'ਚ ਆ ਕੇ ਉਹਨਾਂ ਦੀਆਂ ਕਰਤੂਤਾਂ ਦਾ ਭਾਂਡਾ ਭੰਨ੍ਹਣ ਵਾਲੇ ਪੱਤਰਕਾਰਾਂ, ਲੇਖਕਾਂ ਅਤੇ ਰੋਸ ਪ੍ਰਗਟ ਕਰਨ ਵਾਲੇ ਲੋਕਾਂ 'ਤੇ ਜ਼ੁਲਮ ਕਰਨੇ ਜਾਰੀ ਰੱਖੇ ਹੋਏ ਹਨ। ਸਭ ਦਾ ਮੱਤ ਸੀ ਕਿ ਜੇਕਰ ਬਲਤੇਜ ਪੰਨੂੰ ਸਮੇਤ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਸਮੂਹ ਪੱਤਰਕਾਰ-ਲੇਖਕਾਂ ਨੂੰ ਰਿਹਾ ਨਾ ਕੀਤਾ ਗਿਆ ਤਾਂ ਉਹ ਸਖ਼ਤ ਕਦਮ ਪੁੱਟਣ ਲਈ ਮਜਬੂਰ ਹੋਣਗੇ ਅਤੇ ਜਲਦ ਹੀ ਘੋਲ ਦੀ ਨਵੀਂ ਰੂਪ-ਰੇਖਾ ਉਲੀਕੀ ਜਾਵੇਗੀ।

**ਨਿਊਜ਼ੀਲੈਂਡ:** ਇੱਥੇ ਨਿਊਜ਼ੀਲੈਂਡ ਦੇ ਪੰਜਾਬੀ ਮੀਡੀਆ ਵਲੋਂ ਸਾਂਝੇ ਬਿਆਨ ਰਾਹੀਂ ਬਲਤੇਜ ਪੰਨੂ ਦੀ ਗ੍ਰਿਫਤਾਰੀ ਦਾ ਵਿਰੋਧ ਦਰਜ ਕਰਵਾਇਆ ਗਿਆ। ਬਲਤੇਜ ਸਿੰਘ ਪੰਨੂ ਨੂੰ ਨਿਊਜ਼ੀਲੈਂਡ ਪੰਜਾਬੀ ਮੀਡੀਏ ਦਾ ਇਕ ਨੁਮਾਇੰਦਾ ਵੀ ਉਨ੍ਹਾਂ ਨਾਲ ਮੁਲਾਕਾਤ ਕਰਨ ਦੀ ਕੋਸ਼ਿਸ ਕਰੇਗਾ ਤਾਂ ਕਿ ਇਸ ਕੇਸ ਬਾਰੇ ਹੋਰ ਜਾਣਕਾਰੀ ਮੁਹੱਈਆ ਕਰਵਾਈ ਜਾ ਸਕੇ। ਨਿਊਜ਼ੀਲੈਂਡ ਪੰਜਾਬੀ ਮੀਡੀਆ ਵੱਲੋਂ ਬਲਤੇਜ ਪੰਨੂ ਦੀ ਹਰ ਤਰੀਕੇ ਨਾਲ ਮਦਦ ਕਰਨ ਦਾ ਭਰੋਸਾ ਵੀ ਦਿੱਤਾ ਗਿਆ। ਮੀਡੀਆ ਕਰਮੀਆਂ ਵੱਲੋਂ ਇਹ ਵੀ ਅਪੀਲ ਕੀਤੀ ਗਈ ਹੈ ਕਿ ਪੰਜਾਬ ਪੁਲਿਸ ਅਜਿਹੇ ਮਾਮਲਿਆਂ ਵਿਚ ਸੰਜੀਦਾ ਤਰੀਕੇ ਨਾਲ ਪੇਸ਼ ਆਵੇ ਨਾ ਕਿ ਹੁਕਮਰਾਨ ਦੀ ਤਰ੍ਹਾਂ ਕਾਨੂੰਨ ਦੀ ਉਲੰਘਣਾ ਕਰਦਿਆਂ ਕਿਸੇ ਨੂੰ ਗ੍ਰਿਫਤਾਰ ਕਰੇ¢ ਇਕ ਪ੍ਰਵਾਸੀ ਦੇ ਕਿੰਨੇ ਹੱਕ ਮੌਜੂਦ ਅਤੇ ਉਹ ਕਿੰਨਾ ਜ਼ਿੰਮੇਵਾਰ ਸਮਝਿਆ ਜਾਂਦਾ ਹੈ, ਕਾਨੂੰਨ ਦੇ ਵਿਚ ਸਭ ਦਰਜ ਹੈ ਪਰ ਫਿਰ ਵੀ ਸੜਕ ਉਤੇ ਆਪਣੀ ਕਾਰ ਵਿਚ ਜਾ ਰਹੇ ਇਸ ਪੱਤਰਕਾਰ ਨੂੰ ਉਸੇ ਸਮੇਂ ਗ੍ਰਿਫਤਾਰ ਕਰ ਲੈਣਾ ਬੜੀ ਸ਼ਰਮ ਦੀ ਗੱਲ ਹੈ। ਕੀ ਅਜਿਹੇ ਵਾਕਿਆ ਪੂਰੀ ਦੁਨੀਆ ਦੇ ਵਿਚ ਫੈਲਣ ਨਾਲ ਕੋਈ ਪੰਜਾਬ ਦੇ ਵਿਚ ਜਾ ਕੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰੇਗਾ? ਇਹ ਮੌਜੂਦਾ ਸਰਕਾਰ ਨੂੰ ਜ਼ਰੂਰ ਸੋਚਣਾ ਚਾਹੀਦਾ ਹੈ।